**ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ ਪੰਜਾਬ, ਚੰਡੀਗੜ੍ਹ**
**ਐੱਸ.ਸੀ.ਓ. ਨੰ: 162-164, ਸੈਕਟਰ 34-ਏ, ਚੰਡੀਗੜ੍ਹ**
ਫੋਨ: 0172-5043244, ਈਮੇਲ: rmsapunjab.mis@gmail.com

---

ਵੱਲ :

1. ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ)/(ਸੈ.ਸਿ)
2. ਸਮੂਹ ਮੁੱਖੀ ਸੀਨੀਅਰ ਸੈਕੰਡਰੀ ਸਕੂਲ/ਹਾਈ ਸਕੂਲ ਅਤੇ
3. ਸਮੂਹ ਕਲੱਸਟਰ ਮੁਖੀ(ਰਮਸਅ)(ਵੈਬਸਾਇਟ ਰਾਹੀ)

ਪੰਜਾਬ

ਮੀਮੋ ਨੰ: ਡਿ.ਐਸ.ਪੀ.ਡੀ./ਰਮਸਅ/2011/R011626
ਮਿਤੀ, ਚੰਡੀਗੜ੍ਹ : 21-11-2011

ਵਿਸ਼ਾ: ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ SEMIS ਸਰਵੇ 2011-12 ਤਹਿਤ ਡਾਟਾ ਕੈਪਚਰ ਫਾਰਮੈਟ ਭਰਨ ਸੰਬੰਧੀ।

ਉਪਰੋਕਤ ਵਿਸ਼ੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ SEMIS ਸਰਵੇ 2011-12 ਤਹਿਤ ਡਾਟਾ ਕੈਪਚਰ ਫਾਰਮੈਟ ਭਰਨ ਸੰਬੰਧੀ ਮੁੱਖ ਦਫਤਰ ਵਿਖੇ ਮਿਤੀ 16-11-2011 ਨੂੰ ਸਮੂਹ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਆਰ.ਐਮ.ਐਸ.ਏ ਅਤੇ ਐੱਮ.ਆਈ.ਐੱਸ. ਕੋਆਰਡੀਨੇਟਰ(ਰਮਸਅ) ਨਾਲ ਹੋਈ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਕਿ SEMIS ਸਰਵੇ 2011-12 ਤਹਿਤ ਡਾਟਾ ਕੈਪਚਰ ਫਾਰਮੈਟ ਭਰਾਉਣ ਦਾ ਕੰਮ ਬੜਾ ਹੀ ਅਹਿਮ, ਸਮਾਂਬੱਧ ਅਤੇ ਸੰਵੇਦਨਸ਼ੀਲ ਹੈ ਕਿਉਂਕਿ ਇਸ ਡਾਟੇ ਦੇ ਅਧਾਰ ਤੇ ਹੀ ਸਾਰੇ ਜਿਲ੍ਹਿਆਂ/ਰਾਜ ਦੀ ਆਰ.ਐਮ.ਐਸ.ਏ ਪਲਾਨ ਦਾ ਦਾਰੋਮਦਾਰ ਹੁੰਦਾ ਹੈ। ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੇ ਅਧਾਰ ਤੇ ਸਮੂਹ ਜਿ.ਸਿ.ਅ(ਸੈ.ਸਿ/ਐ.ਸਿ) ਅਤੇ ਸਮੂਹ ਸਕੂਲ ਮੁੱਖੀ ਸੀਨੀਅਰ ਸੈਕੰਡਰੀ ਸਕੂਲ/ਹਾਈ ਸਕੂਲਾਂ ਨੂੰ DCF ਫਾਰਮ ਨੂੰ ਹਰ ਪੱਖੋਂ ਮੁਕੰਮਲ ਅਤੇ ਦਰੁਸਤ ਕਰਕੇ ਭਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਜਿਹਨਾਂ ਦੀ ਇੰਨਬਿੰਨ ਪਾਲਨਾ ਕਰਨਾ ਜਰੂਰੀ ਬਣਾਇਆ ਜਾਵੇ।

ਹਦਾਇਤਾਂ:-

1. ਸਮੂਹ ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ(ਰਮਸਅ) ਅਤੇ ਐੱਮ.ਆਈ.ਐੱਸ. ਕੋਆਰਡੀਨੇਟਰ(ਰਮਸਅ) ਮਿਤੀ 25-11-2011 ਤੱਕ ਇਨ੍ਹਾਂ ਫਾਰਮਾਂ ਦੀ ਸਮੂਹ ਸਕੂਲਾਂ ਵਿਚ ਪਹੁੰਚ ਯਕੀਨੀ ਕਰਨ।
2. DCF ਉਹਨਾਂ ਸਾਰੇ ਸਰਕਾਰੀ, ਗੈਰ-ਸਰਕਾਰੀ, ਮਾਨਤਾ ਪ੍ਰਾਪਤ (ਕੋਈ ਵੀ ਸਕੂਲ ਜੋ ਕਿਸੇ ਵੀ ਸਿੱਖਿਆ ਬੋਰਡ ਨਾਲ ਐਫੀਲੇਟਿਡ ਹੋਵੇ), ਮਾਡਲ/ਆਦਰਸ਼ ਸਕੂਲ/ਕੇਂਦਰੀਆ ਵਿਦਿਆਲਿਆ/ ਨਵੋਦਿਆ ਵਿਦਿਆਲਿਆ/ਆਰਮੀ ਸਕੂਲ, ਪ੍ਰਾਈਵੇਟ ਏਡਿਡ ਸਕੂਲ, ਨਵੇਂ ਅਪਗ੍ਰੇਡ ਹੋਏ ਹਾਈ ਸਕੂਲ, ਕਾਲਜਾਂ ਤੋਂ ਭਰਵਾਏ ਜਾਣੇ ਹਨ, ਜਿਸ ਵਿੱਚ ਨੌਵੀ ਤੋਂ ਬਾਰਵੀ ਤੱਕ ਦੀਆਂ ਜਮਾਤਾਂ ਪੜ੍ਹਾਈਆਂ ਜਾਂਦੀਆਂ ਹਨ।
3. ਇਹ ਡਾਟਾ ਸਕੂਲ ਰਿਕਾਰਡ ਅਨੁਸਾਰ 30 ਸਤੰਬਰ 2011 ਦੇ ਆਧਾਰ ਤੇ ਭਰਿਆ ਜਾਣਾ ਹੈ ਅਤੇ DCF ਫਾਰਮ ਭਰਨ ਸੰਬੰਧੀ ਸਕੂਲ ਮੁੱਖੀਆਂ ਅਤੇ ਬੀ.ਆਰ.ਪੀਜ਼ ਨੂੰ ਦਿੱਤੀ ਜਾਣ ਵਾਲੀ ਟ੍ਰੇਨਿੰਗ ਜਿ.ਸਿ.ਅ(ਸੈ.ਸਿ) ਅਤੇ ਡੀ.ਪੀ.ਸੀ ਆਪਣੀ ਪੱਧਰ ਤੇ ਕਰਨਗੇ।
4. ਡੀ.ਸੀ.ਐਫ. ਭਰਨ ਉਪਰੰਤ ਚੈਕਿੰਗ ਸਟੇਟ ਟੀਮ, ਸਰਕਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ(ਸ), ਡੀ.ਪੀ.ਸੀ.(ਰਮਸਅ), ਕਲੱਸਟਰ ਮੁਖੀ ਅਤੇ ਐੱਮ.ਆਈ.ਐੱਸ. ਕੋਆ: (ਰਮਸਅ) ਦੁਆਰਾ ਪਹਿਲਾਂ ਤੋਂ ਭੇਜੀਆਂ ਹਦਾਇਤਾਂ ਅਨੁਸਾਰ ਮਿਤੀ 15-12-2011 ਤੱਕ ਕੀਤੀ ਜਾਵੇਗੀ। ਫਾਰਮ ਚੈੱਕ ਕਰਨ ਉਪਰੰਤ ਤਸਦੀਕ ਕੀਤਾ ਜਾਵੇ।

5. ਡੀ.ਸੀ.ਐਫ. ਦੀ ਐਂਟਰੀ ਦਾ ਕੰਮ ਐਮ.ਆਈ.ਐਸ. ਕੋਆਰਡੀਨੇਟਰ (ਰਮਸਅ) ਦੁਆਰਾ ਸਰਵ ਸਿੱਖਿਆ ਅਭਿਆਨ ਦੇ ਐਮ.ਆਈ.ਐਸ. ਕੋਆਰਡੀਨੇਟਰਾਂ ਦੀ ਮਦਦ ਨਾਲ ਕਰਵਾਇਆ ਜਾਵੇਗਾ।

6. ਸਮੂਹ ਸਰਕਾਰੀ ਸਕੂਲਾਂ ਦੇ DCF ਭਰਵਾਉਣ ਦੀ ਜਿੰਮੇਵਾਰੀ ਜਿ.ਸਿ.ਅ(ਸੈ.ਸਿ), ਡੀ.ਪੀ.ਸੀ (ਆਰ.ਐਮ.ਐਸ.ਏ) ਅਤੇ ਐਮ.ਆਈ.ਐਸ ਕੋਆਰਡੀਨੇਟਰ ਰਮਸਅ ਦੀ ਹੋਵੇਗੀ ਅਤੇ ਇਹ ਬਕਾਇਦਾ ਸਮੂਹ ਸਕੂਲ ਮੁਖੀਆਂ ਦੀ ਮੀਟਿੰਗ/ਟ੍ਰੇਨਿੰਗ ਕਰਕੇ ਇਸਨੂੰ ਮੁਕੰਮਲ ਕਰਵਾਉਣਗੇ।

7. ਬੀ.ਆਰ.ਪੀ ਆਪਣੇ ਬਲਾਕ ਦੇ ਵਿੱਚ ਪੈਂਦੇ ਸਾਰੇ ਪ੍ਰਾਈਵੇਟ ਸਕੂਲ ਜੋ ਕਿਸੇ ਵੀ ਸਿੱਖਿਆ ਬੋਰਡ ਨਾਲ ਐਫੀਲੇਟਿਡ/ਰੈਕੋਗਨਾਇਜਡ ਹੋਣ, ਉਹਨਾਂ ਦੀ ਸ਼ਨਾਖਤ ਕਰਕੇ ਨਿੱਜੀ ਰੂਪ ਵਿੱਚ ਫਾਰਮ ਭਰਵਾਉਣਗੇ ਅਤੇ ਫਾਰਮਾਂ ਨੂੰ ਡੀ.ਪੀ.ਸੀ (ਆਰ.ਐਮ.ਐਸ.ਏ) ਕੋਲ ਸਮੇਂ ਸਿਰ ਜਮ੍ਹਾਂ ਕਰਵਾਉਣਗੇ। ਜਿ.ਸਿ.ਅ(ਐ.ਸਿ) ਅਤੇ ਬੀ.ਪੀ.ਈ.ਓ ਇਸ ਕੰਮ ਨੂੰ ਤਰਜੀਹ ਦੇ ਕੇ ਕਰਵਾਉਣ ਵਿੱਚ ਜ਼ਿੰਮੇਵਾਰ ਹੋਣਗੇ।

8. ਸਰਵੇ ਸਮਾਂ ਸਾਰਣੀ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੀਤਾ ਜਾਣ ਵਾਲਾ ਕੰਮ | ਟਾਇਮ ਫਰੇਮ | ਡਿਊਟੀ ਤੇ ਅਧਿਕਾਰੀ |
|---|---|---|---|
| 1. | ਡੀ.ਸੀ.ਐਫ ਦੀ ਵੰਡ | 25-11-11 ਤੱਕ | ਸੰਬੰਧਤ ਬੀ.ਆਰ.ਪੀ.,<br>ਡੀ.ਪੀ.ਸੀ.(ਰਮਸਅ) |
| 2. | ਡੀ.ਸੀ.ਐਫ. ਨੂੰ ਭਰਨਾ | 05-12-11 ਤੱਕ | ਸੰਬੰਧਤ ਸਕੂਲ ਮੁਖੀ |
| 3. | ਡੀ.ਸੀ.ਐਫ ਨੂੰ ਇਕੱਠਾ ਕਰਕੇ ਜਿਲ੍ਹਾ ਸਿੱਖਿਆ ਅਫਸਰ(ਸ) ਵਿਖੇ ਜਮ੍ਹਾਂ ਕਰਵਾਉਣਾ | 15-12-11 ਤੱਕ | ਸੰਬੰਧਤ ਬੀ.ਆਰ.ਪੀ. |
| 4. | ਡੀ.ਸੀ.ਐਫ ਦੀ ਚੈਕਿੰਗ-ਸਕੂਲ ਵਿਖੇ | 20-11-11 ਤੋਂ<br>09-12-11 ਤੱਕ | ਸਟੇਟ ਟੀਮ<br>ਸਰਕਲ ਸਿੱਖਿਆ ਅਫਸਰ<br>ਜਿਲ੍ਹਾ ਸਿੱਖਿਆ ਅਫਸਰ(ਸ)<br>ਡੀ.ਪੀ.ਸੀ.ਰਮਸਅ<br>ਕਲੱਸਟਰ ਮੁਖੀ<br>ਐਮ.ਆਈ.ਐਸ. ਕੋਆ.<br>ਸੰਬੰਧਤ ਸਕੂਲ ਮੁਖੀ |
| 5. | ਡੀ.ਸੀ.ਐਫ ਦੀ ਚੈਕਿੰਗ-ਦਫਤਰ ਜਿਲ੍ਹਾ ਸਿੱਖਿਆ ਅਫਸਰ(ਸ) | 11-12-11 ਤੋਂ<br>25-12-11 ਤੱਕ | ਸਟੇਟ ਟੀਮ<br>ਸਰਕਲ ਸਿੱਖਿਆ ਅਫਸਰ<br>ਜਿਲ੍ਹਾ ਸਿੱਖਿਆ ਅਫਸਰ(ਸ)<br>ਡੀ.ਪੀ.ਸੀ. ਰਮਸਅ<br>ਐਮ.ਆਈ.ਐਸ. ਕੋਆ. |
| 6. | ਡੀ.ਸੀ.ਐਫ ਦੀ ਐਂਟਰੀ | 30-12-11 ਤੱਕ | ਐਮ.ਆਈ.ਐਸ. ਕੋਆ.(ਰਮਸਅ)<br>ਐਮ.ਆਈ.ਐਸ. (ਸਸਅ) |
| 7. | SEMIS ਡਾਟਾ ਦੇ ਆਧਾਰ ਤੇ ਰਿਪੋਰਟ ਬਣਾਉਣਾ | 16-01-12 ਤੱਕ | ਐਮ.ਆਈ.ਐਸ. ਰਮਸਅ |
| 8. | ਸਾਲਾਨਾ ਵਰਕ ਪਲਾਨ ਅਤੇ ਬਜਟ | 30-01-12 ਤੱਕ | ਰਮਸਅ ਟੀਮ |

9. ਉਪਰੋਕਤ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਾਰਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਨ ਦੀ ਨਿਰੋਲ ਜ਼ਿੰਮੇਵਾਰੀ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) ਦੀ ਹੋਵੇਗੀ।

10. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

11. ਇਹ ਪੱਤਰ ਮਾਣਯੋਗ ਡੀ.ਜੀ.ਐਸ.ਈ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ**
**ਪੰਜਾਬ, ਚੰਡੀਗੜ੍ਹ।**